BRAMPTON Flower City brampton.ca

media release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਆਰਥਿਕ ਸੰਭਾਵਨਾਵਾਂ ਦਾ ਫਾਇਦਾ ਲੈਣ ਲਈ ਨਿਰਪੱਖ ਅਤੇ ਸਮੇਂ ਸਿਰ ਫੈਡਰਲ ਅਤੇ ਸੂਬਾਈ ਫੰਡਿੰਗ ਚਾਹੁੰਦਾ ਹੈ

***ਸਿਟੀ ਨੇ ਫੈਡਰਲ ਅਤੇ ਸੂਬਾਈ 2020 ਪੂਰਵ-ਬਜਟ ਮਸ਼ਵਰਿਆਂ ਵਿੱਚ ਸੁਝਾਅ ਦਿੱਤੇ***

ਬ੍ਰੈਂਪਟਨ, ਓਨਟੈਰੀਓ (25 ਜਨਵਰੀ, 2020) – ਸਿਟੀ ਆਫ ਬ੍ਰੈਂਪਟਨ, ਫੈਡਰਲ (Federal) ਅਤੇ ਸੂਬਾਈ (Provincial) ਸਰਕਾਰਾਂ ਦੇ 2020 ਪੂਰਵ-ਬਜਟ ਮਸ਼ਵਰਿਆਂ ਦੇ ਹਿੱਸੇ ਵਜੋਂ ਕੁਝ ਮੁੱਖ ਤਰਜੀਹਾਂ ਦੀ ਹਿਮਾਇਤ ਕਰ ਰਹੀ ਹੈ।

ਅੱਜ, ਮੈਂਬਰਸ ਆਫ ਪਾਰਲੀਆਮੈਂਟ – ਰੂਬੀ ਸਹੋਤਾ (Ruby Sahota), ਕਮਲ ਖਹਿਰਾ (Kamal Khera), ਮਨਿੰਦਰ ਸਿੱਧੂ (Maninder Sidhu), ਰਮੇਸ਼ ਸੰਘਾ (Ramesh Sangha) ਅਤੇ ਸੋਨੀਆ ਸਿੱਧੂ (Sonia Sidhu) ਦੇ ਨਾਲ ਹੋਈ ਇੱਕ ਮੀਟਿੰਗ ਦੇ ਦੌਰਾਨ ਮੇਅਰ ਪੈਟਰਿਕ ਬ੍ਰਾਊਨ ਨੇ ਸਿਟੀ ਦੀਆਂ ਫੈਡਰਲ ਬਜਟ ਸਬੰਧੀ ਬੇਨਤੀਆਂ ਦੇ ਵੇਰਵੇ ਸਾਂਝੇ ਕੀਤੇ। ਉਹਨਾਂ ਨੇ ਟ੍ਰਾਂਜ਼ਿਟ ਵਾਸਤੇ ਲੰਮੀ-ਮਿਆਦ ਦੀ ਫੰਡਿੰਗ ਦੇ ਮਹੱਤਵ ਅਤੇ ਤੇਜ਼ੀ ਨਾਲ ਹੋਣ ਵਾਲੇ ਅਬਾਦੀ ਦੇ ਵਾਧੇ ਦੀ ਮੰਗ ਨੂੰ ਪੂਰਾ ਕਰਨ ਲਈ ਬ੍ਰੈਂਪਟਨ ਦੇ ਇੰਫਰਾਸਟ੍ਰਕਚਰ ਨੂੰ ਮਜ਼ਬੂਤ ਬਣਾਉਣ ਦੀ ਲੋੜ ਬਾਰੇ ਵਿਚਾਰ-ਵਟਾਂਦਰਾ ਕੀਤਾ। ਰਿਵਰਵਾਕ (Riverwalk) ਜਿਹੀਆਂ ਸਥਿਰ ਪਹਿਲਕਦਮੀਆਂ ਅਤੇ ਜਲਵਾਯੂ ਸਬੰਧੀ ਤਬਦੀਲੀਆਂ ਅਤੇ ਪ੍ਰਭਾਵ ਵਿੱਚ ਇਸਦੀ ਭੂਮਿਕਾ ਦੇ ਮਹੱਤਵ ਬਾਰੇ ਵੀ ਚਰਚਾ ਕੀਤੀ ਗਈ।

ਕੱਲ੍ਹ (24 ਜਨਵਰੀ) ਦੀ ਮੀਟਿੰਗ ਵਿੱਚ ਮੇਅਰ ਪੈਟਰਿਕ ਬ੍ਰਾਊਨ ਵੱਲੋਂ ਓਨਟੈਰੀਓ ਪ੍ਰੀਮੀਅਰ ਡਗ ਫੋਰਡ (Ontario Premier Doug Ford) ਨੂੰ ਪ੍ਰੋਵਿੰਸ਼ੀਅਲ ਸਬਮਿਸ਼ਨ ਡੌਕਿਊਮੈਂਟ (Provincial submission document) ਪੇਸ਼ ਕੀਤਾ ਗਿਆ ਸੀ। ਉਹਨਾਂ ਨੇ ਬ੍ਰੈਂਪਟਨ ਦੇ ਸਭ ਤੋਂ ਜ਼ਰੂਰੀ ਮਾਮਲਿਆਂ ਬਾਰੇ ਚਰਚਾ ਕੀਤੀ, ਜਿਵੇਂ ਸਿਹਤ ਦੇਖਭਾਲ ਵਿੱਚ ਬਹੁਤ ਸਮੇਂ ਤੋਂ ਘੱਟ ਫੰਡਿੰਗ ਮਿਲਣਾ, ਪੀਲ ਮੈਮੋਰੀਅਲ ਹਸਪਤਾਲ (Peel Memorial Hospital) ਦੇ ਵਿਸਤਾਰ ਅਤੇ ਤੀਜੀ ਸਿਹਤ ਦੇਖਭਾਲ ਫੈਸਿਲਿਟੀ ਦੇ ਸਹਿਯੋਗ ਲਈ ਤੁਰੰਤ ਫੰਡਿੰਗ ਦੀ ਲੋੜ। ਮੇਅਰ ਬ੍ਰਾਊਨ ਨੇ ਵੀ ਪੀਲ ਰੀਜਨਲ ਪੁਲਿਸ (Peel Regional Police) ਦੀ ਭਾਈਚਾਰਕ ਸੁਰੱਖਿਆ ਅਤੇ ਅਪਰਾਧ ਦੀ ਰੋਕਥਾਮ ਸਬੰਧੀ ਪਹਿਲਕਦਮੀਆਂ ਵਾਸਤੇ $20.5 ਮਿਲੀਅਨ ਦੀ ਫੰਡਿੰਗ ਘੋਸ਼ਣਾ ਦਾ ਵੀ ਸੁਆਗਤ ਕੀਤਾ। ਮੀਟਿੰਗ ਵਿੱਚ ਗਨ ਸਬੰਧੀ ਅਪਰਾਧ ਨਾਲ ਨਿਪਟਣ ਲਈ ਹਾਈਵੇਜ 410 ਅਤੇ 403 ਤੇ ਸੀ.ਸੀ.ਟੀ.ਵੀ. (CCTV) ਕੈਮਰਿਆਂ ਦੀ ਲੋੜ ਅਤੇ ਬ੍ਰੈਂਪਟਨ ਵਿੱਚ ਸੂਬਾਈ ਔਫੈਂਸਿਜ ਐਕਟ (ਪੀ.ਓ.ਏ.) ਕੋਰਟ ਹਾਊਸ ਵਿੱਚ ਜੁਡਿਸ਼ਿਅਲ ਵਸੀਲਿਆਂ ਦੀ ਘਾਟ (shortage of judicial resources at the Provincial Offences Act (POA) court house in Brampton) ਬਾਰੇ ਵੀ ਚਰਚਾ ਕੀਤੀ ਗਈ।

ਮੇਅਰ ਨੇ ਆਖਿਆ ਕਿ ਕਾਉਂਸਿਲ ਅਤੇ ਸਿਟੀ ਦੇ ਅਫ਼ਸਰਾਂ ਨੂੰ, ਸਿਟੀ ਦੀਆਂ ਫੈਡਰਲ ਤਰਜੀਹਾਂ, ਮੌਜੂਦਾ ਬਜਟ ਸਬੰਧੀ ਬੇਨਤੀਆਂ ਅਤੇ ਨਵੀਂ ਫੰਡਿੰਗ ਤੱਕ ਪਹੁੰਚ ਲਈ ਮਿਲਣ ਵਾਲੇ ਮੌਕਿਆਂ ਬਾਰੇ ਫੈਡਰਲ ਸਰਕਾਰ ਤੋਂ ਨਿਯਮਿਤ ਅੱਪਡੇਟਸ ਮਿਲਦੇ ਰਹਿਣੇ ਚਾਹੀਦੇ ਹਨ।

ਹੇਠਾਂ ਦੋਵਾਂ ਪੂਰਵ-ਬਜਟ ਪ੍ਰਸਤੁਤੀਆਂ ਦੀਆਂ ਝਲਕੀਆਂ ਦਿੱਤੀਆਂ ਗਈਆਂ ਹਨ। ਪੂਰੇ ਦਸਤਾਵੇਜ਼ ਸਿਟੀ ਦੀ ਵੈਬਸਾਈਟ (City's website) ਤੇ ਉਪਲਬਧ ਹਨ।

- ਇੱਕ ਨਿਰਪੱਖ ਫੰਡਿੰਗ ਵੰਡ ਮਾੱਡਲ, ਜੋ ਤੇਜ਼ੀ ਨਾਲ ਵਧਦੀਆਂ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਅਤੇ ਜ਼ੂਮ (Züm) ਟ੍ਰਾਂਜ਼ਿਟ ਪ੍ਰਣਾਲੀਆਂ ਦੇ ਸਾਹਮਣੇ ਆਉਣ ਵਾਲੇ ਦਬਾਅ ਨੂੰ ਪਛਾਣ ਕੇ ਖ਼ਤਮ ਕਰਦਾ ਹੈ

- ਲਗਾਤਾਰ ਐਨਵਾਇਰਨਮੈਂਟ ਅਸੈਸਮੈਂਟ (Environmental Assessment) ਤੇ ਕੰਮ ਕਰਦੇ ਹੋਏ, ਹੁਰੋਨਟੈਰੀਓ-ਮੇਨ ਸਟ੍ਰੀਟ ਐਲ.ਆਰ.ਟੀ. (Hurontario-Main St. LRT) ਤੋਂ ਡਾਉਨਟਾਉਨ ਬ੍ਰੈਂਪਟਨ ਗੋ (Downtown Brampton GO) ਸਟੇਸ਼ਨ ਦਾ ਵਿਸਤਾਰ ਕਰਨ ਲਈ ਫੰਡਿੰਗ ਵਚਨਬੱਧਤਾ
- ਰਿਵਰਵਾਕ ਲਈ ਸਹਿਯੋਗ। ਇਹ ਇੱਕ ਪਰਿਵਰਤਨਕਾਰੀ ਪ੍ਰੋਜੈਕਟ ਹੈ, ਜੋ ਡਾਉਨਟਾਉਨ ਬ੍ਰੈਂਪਟਨ ਵਿੱਚ ਆਰਥਿਕ ਸੰਭਾਵਨਾ ਦਾ ਫਾਇਦਾ ਲਵੇਗਾ। ਇਸ ਨਾਲ ਕੈਨੇਡਾ ਦੇ ਅਰਥਚਾਰੇ ਵਿੱਚ $256 ਮਿਲੀਅਨ ਤੋਂ ਵੱਧ ਜੁੜਨ ਅਤੇ 2,200 ਫੁਲ-ਟਾਈਮ ਨੌਕਰੀਆਂ ਪੈਦਾ ਹੋਣ ਦੀ ਸੰਭਾਵਨਾ ਹੈ
- ਬ੍ਰੈਂਪਟਨ ਵਿੱਚ "ਹਸਪਤਾਲ ਦੇ ਹਾੱਲਵੇ ਵਿੱਚ ਇਲਾਜ" ਨੂੰ ਖ਼ਤਮ ਕਰਨ, ਪੀਲ ਮੈਮੋਰੀਅਲ ਸੈਂਟਰ (Peel Memorial Centre) ਦੇ ਫੇਜ 2 ਦਾ ਵਿਸਤਾਰ ਕਰਨ ਅਤੇ ਬ੍ਰੈਂਪਟਨ ਵਿੱਚ ਤੀਜੇ ਹਸਪਤਾਲ ਵਾਸਤੇ ਫੰਡ ਕਰਨ ਲਈ ਤੁਰੰਤ, ਉਚਿਤ ਸਿਹਤ ਦੇਖਭਾਲ ਫੰਡਿੰਗ
- ਲੈਜਿਸਲੇਟ ਬ੍ਰੈਂਪਟਨਯੂ (ਬ੍ਰੈਂਪਟਨ ਯੂਨੀਵਰਸਿਟੀ ਨੂੰ ਸਥਾਪਤ ਕਰਨਾ) ਦੀ ਮੌਜੂਦਗੀ ਅਤੇ ਹੋਰ ਪੋਸਟ ਸੈਕੰਡਰੀ ਮੌਕੇ ਪੈਦਾ ਕਰਨ ਵਿੱਚ ਮਦਦ ਕਰਨਾ। ਮੇਨਸਟ੍ਰੀਟ ਰਿਸਰਚ (Mainstreet Research) ਸਰਵੇਖਣ ਦਰਸਾਉਂਦਾ ਹੈ ਕਿ ਬ੍ਰੈਂਪਟਨ ਦੇ 83% ਨਿਵਾਸੀ, ਇੱਕ ਬ੍ਰੈਂਪਟਨ ਯੂਨੀਵਰਸਿਟੀ (Brampton University) ਚਾਹੁੰਦੇ ਹਨ
- ਭਾਈਚਾਰਕ ਸੁਰੱਖਿਆ ਅਤੇ ਸਿਹਤ ਲਈ ਸਮੁੱਚੇ ਦ੍ਰਿਸ਼ਟੀਕੋਣ ਵਾਸਤੇ ਸਰਕਾਰ ਦੇ ਸਾਰੇ ਮਹਿਕਮਿਆਂ ਵਿੱਚ ਬ੍ਰੈਂਪਟਨ ਦੇ ਖਾਸ ਡੇਟੇ ਨੂੰ ਸਾਂਝਾ ਕਰਨ ਵਿੱਚ ਵਾਧਾ ਕਰਨਾ

**ਹਵਾਲੇ**

"ਇਸ ਨਵੇਂ ਦਹਾਕੇ ਵਿੱਚ, ਸ਼ਹਿਰਾਂ ਦੀ ਪਰਿਭਾਸ਼ਾ ਇਸ ਅਧਾਰ ਤੇ ਦਿੱਤੀ ਜਾਵੇਗੀ ਅਸੀਂ ਕਿਸ ਤਰ੍ਹਾਂ ਸਥਿਰ ਰੂਪ ਨਾਲ ਵਾਧੇ ਨੂੰ ਕਾਇਮ ਰੱਖ ਸਕਦੇ ਹਾਂ, ਨੌਕਰੀਆਂ ਪੈਦਾ ਕਰ ਸਕਦੇ ਹਾਂ ਅਤੇ ਲੋਕਾਂ ਅਤੇ ਸਮਾਨ ਦੀ ਪ੍ਰਭਾਵੀ ਰੂਪ ਨਾਲ ਆਵਾਜਾਈ ਕਰਵਾ ਸਕਦੇ ਹਾਂ। ਕੁਝ ਅਜਿਹੇ ਪ੍ਰੋਜੈਕਟਾਂ ਤੇ ਨਿਰਪੱਖ, ਉਚਿਤ ਫੰਡਿੰਗ ਨੂੰ ਸੁਰੱਖਿਅਤ ਕਰਨ ਵਿੱਚ ਸਾਡੇ ਫੈਡਰਲ ਅਤੇ ਸੂਬਾਈ ਭਾਈਵਾਲਾਂ ਨਾਲ ਕੰਮ ਕਰਨਾ ਜ਼ਰੂਰੀ ਹੈ, ਜੋ ਪ੍ਰੋਜੈਕਟ ਓਨਟੈਰੀਓ ਅਤੇ ਕੈਨੇਡਾ ਲਈ, ਸਿਟੀ ਦੀ ਆਰਥਿਕ ਸੰਭਾਵਨਾ ਦਾ ਫਾਇਦਾ ਲੈਣਗੇ। ਬ੍ਰੈਂਪਟਨ, ਭਾਈਚਾਰਕ ਸੁਰੱਖਿਆ ਵਿੱਚ ਹਾਲੀਆ ਨਿਵੇਸ਼ਾਂ ਲਈ ਧੰਨਵਾਦੀ ਹੈ, ਜੋ ਦਰਸਾਉਂਦਾ ਹੈ ਕਿ ਜਾਰੀ ਅਤੇ ਸੰਯੁਕਤ ਹਿਮਾਇਤੀ ਯਤਨ ਸਾਡੇ ਭਾਈਚਾਰੇ ਦੀਆਂ ਤਰਜੀਹਾਂ ਨੂੰ ਸਕਾਰਾਤਮਕ ਰੂਪ ਨਾਲ ਅੱਗੇ ਵਧਾਉਂਦੇ ਹਨ। ਅਸੀਂ ਕਾਰੋਬਾਰ ਸਬੰਧੀ ਮੌਕਿਆਂ, ਪੋਸਟ ਸੈਕੰਡਰੀ ਸਿੱਖਿਆ, ਪ੍ਰਭਾਵੀ ਸਿਹਤ ਦੇਖਭਾਲ ਅਤੇ ਸਾਰਿਆਂ ਲਈ ਪੁੱਜਣਯੋਗਤਾ ਤਿਆਰ ਕਰਕੇ ਸਾਡੇ ਭਾਈਚਾਰੇ ਦਾ ਨਿਰਮਾਣ ਕਰਨ ਲਈ ਸਰਕਾਰ ਦੇ ਦੋਵੇਂ ਮਹਿਕਮਿਆਂ ਤੋਂ ਵੀ ਲਗਾਤਾਰ ਸਹਿਯੋਗ ਦੀ ਆਸ ਕਰਦੇ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਹਰ ਸਾਲ, ਹਜ਼ਾਰਾਂ ਲੋਕ ਬ੍ਰੈਂਪਟਨ ਨੂੰ ਰਹਿਣ, ਕੰਮ ਕਰਨ ਅਤੇ ਖੇਡਣ ਲਈ ਆਪਣੀ ਚੋਣਵੀਂ ਥਾਂ ਬਣਾਉਂਦੇ ਹਨ। ਸਾਡਾ ਵਿਕਾਸ ਇੱਕ ਆਕਰਸ਼ਕ ਕਹਾਣੀ ਹੈ, ਜਿਸਨੂੰ ਅਸੀਂ ਫੈਡਰਲ ਅਤੇ ਸੂਬਾਈ ਸਰਕਾਰਾਂ ਦੇ ਸਹਿਯੋਗ ਨਾਲ ਹੋਰ ਮਜ਼ਬੂਤ ਬਣਾਉਣਾ ਚਾਹੁੰਦੇ ਹਾਂ। ਅਸੀਂ ਅਜਿਹੀਆਂ ਹੋਰ ਸਹਿਯੋਗਾਤਮਕ ਪਹਿਲਕਦਮੀਆਂ ਵਿੱਚ ਲਗਾਤਾਰ ਸਾਡੇ ਸਰਕਾਰੀ ਭਾਈਵਾਲਾਂ ਨੂੰ ਸ਼ਾਮਲ ਕਰਦੇ ਰਹਾਂਗੇ, ਜੋ ਸਾਡੀਆਂ ਟਰਮ ਆਫ ਕਾਉਂਸਿਲ ਪ੍ਰਾਇਰਿਟੀਜ ਅਤੇ ਬ੍ਰੈਂਪਟਨ 2040 ਵਿਜਨ ਦੇ ਅਨੁਕੂਲ ਹਨ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

media release

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca